# 2020 ਨੇੱਬਰਹੁੱਡ ਸਮਾਲ ਗਰਾਂਟਸ ਲਈ ਅਰਜ਼ੀ

ਨੇੱਬਰਹੁੱਡ ਸਮਾਲ ਗਰਾਂਟਸ (ਐੱਨ ਐੱਸ ਜੀ) ਪ੍ਰੋਗਰਾਮ, ਉਨ੍ਹਾਂ ਲੋਕਾਂ ਦੀ ਮਦਦ ਕਰਦਾ ਹੈ ਜਿਹੜੇ ਆਪਣੇ ਇਲਾਕਿਆਂ ਨੂੰ ਰਹਿਣ ਲਈ ਬਿਹਤਰ ਥਾਂਵਾਂ ਬਣਾਉਣਾ ਚਾਹੁੰਦੇ ਹਨ। ਸਾਡੀਆਂ ਗਰਾਂਟਾਂ 50 ਡਾਲਰ ਤੋਂ ਲੈ ਕੇ 500 ਡਾਲਰ ਤੱਕ ਹਨ। ਗਰਾਂਟ ਉਹ ਪੈਸੇ ਹਨ ਜਿਹੜੇ ਅਸੀਂ ਤੁਹਾਨੂੰ ਤੁਹਾਡੇ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਦਿੰਦੇ ਹਾਂ। ਤੁਹਾਡੇ ਲਈ ਗਰਾਂਟ ਲਈ ਅਪਲਾਈ ਕਰਨਾ ਜ਼ਰੂਰੀ ਹੈ, ਪਰ ਤੁਹਾਡੇ ਲਈ ਪੈਸੇ ਵਾਪਸ ਕਰਨਾ ਜ਼ਰੂਰੀ ਨਹੀਂ ਹੈ। **ਜੇ ਤੁਹਾਡੀ ਕੰਪਿਊਟਰ ਅਤੇ ਈ-ਮੇਲ ਤੱਕ ਪਹੁੰਚ ਹੈ ਤਾਂ ਅਸੀਂ ਤੁਹਾਨੂੰ http://neighbourhoodsmallgrants.ca 'ਤੇ ਔਨਲਾਈਨ ਅਪਲਾਈ ਕਰਨ ਲਈ ਉਤਸ਼ਾਹ ਦਿੰਦੇ ਹਾਂ।**

**ਵੈੱਸਟਸਾਈਡ ਵੈਨਕੂਵਰ ਤੋਂ ਬਿਨਾਂ** ਮੈਟਰੋ ਵੈਨਕੂਵਰ ਦੇ ਬਾਕੀ ਇਲਾਕਿਆਂ ਲਈ ਅਪਲਾਈ ਕਰਨ ਦੀ ਅੰਤਿਮ ਤਾਰੀਕ **9 ਅਪਰੈਲ** ਹੈ। **ਵੈੱਸਟਸਾਈਡ ਵੈਨਕੂਵਰ** ਲਈ ਅਪਲਾਈ ਕਰਨ ਦੀ ਅੰਤਿਮ ਤਾਰੀਕ **6 ਅਪਰੈਲ** ਹੈ।

**ਨੇੱਬਰਹੁੱਡ ਸਮਾਲ ਗਰਾਂਟਸ ਦੇ ਪ੍ਰੋਗਰਾਮ ਨੂੰ ਸੇਧ ਦੇਣ ਵਾਲੇ ਸਿਧਾਂਤ ਇਹ ਹਨ:**
**ਹਰ ਇਕ ਕੋਲ ਤੋਹਫੇ ਹਨ:** ਹਰ ਕੋਈ ਕਮਿਊਨਟੀ ਨੂੰ ਮਜ਼ਬੂਤ ਕਰਨ ਲਈ ਆਪਣੇ ਵਿਚਾਰ, ਯੋਗਤਾਵਾਂ, ਹੁਨਰ, ਤਜਰਬੇ ਅਤੇ ਸੰਪਰਕ ਦੇ ਸਕਦਾ ਹੈ

**ਛੋਟਾ ਪ੍ਰਭਾਵਸ਼ਾਲੀ ਹੈ:** ਥੋੜ੍ਹੀ ਮਾਤਰਾ ਵਿਚ ਪੈਸੇ, ਨਵੇਂ ਸੰਬੰਧਾਂ, ਸਵੈ-ਭਰੋਸੇ ਵਿਚ ਵਾਧੇ, ਲੀਡਰਸ਼ਿਪ ਦੇ ਵਿਕਾਸ, ਸਥਾਨ ਦੀ ਤਕੜੀ ਭਾਵਨਾ ਅਤੇ ਸਥਾਨਕ ਰਵਾਇਤਾਂ ਦੀ ਉਪਜ ਦੇ ਰੂਪਾਂ ਵਿਚ ਕਮਿਊਨਟੀ ਵਿਚ ਪ੍ਰਭਾਵਸ਼ਾਲੀ ਤਬਦੀਲੀਆਂ ਲਿਆ ਸਕਦੇ ਹਨ

**ਲੋਕਲ ਫੈਸਲੇ ਬਿਹਤਰ ਹੁੰਦੇ ਹਨ:** ਵੱਖ ਵੱਖ ਪਿਛੋਕੜਾਂ ਅਤੇ ਤਜਰਬਿਆਂ ਵਾਲੇ ਕਮਿਊਨਟੀ ਮੈਂਬਰਾਂ ਨੂੰ ਇਸ ਚੀਜ਼ ਬਾਰੇ ਫੈਸਲੇ ਕਰਨ ਦਾ ਮੌਕਾ ਮਿਲਦਾ ਹੈ ਕਿ ਆਪਣੀ ਕਮਿਊਨਟੀ ਵਿਚ ਗਰਾਂਟ ਕਿਸ ਨੂੰ ਮਿਲਣੀ ਚਾਹੀਦੀ ਹੈ

**ਇਸ ਚੀਜ਼ ਦੀ ਮਹੱਤਤਾ ਹੈ ਕਿ ਅਸੀਂ ਕਿੱਥੇ ਰਹਿੰਦੇ ਹਾਂ:** ਗਰਾਂਟਾਂ ਕਿਸੇ ਨੂੰ ਵੀ ਆਪਣੇ ਗੁਆਂਢੀ ਨਾਲ ਟੀਮ ਬਣਾਉਣ ਅਤੇ ਅਜਿਹਾ ਪ੍ਰੋਜੈਕਟ ਪੇਸ਼ ਕਰਨ ਦੇ ਯੋਗ ਬਣਾਉਂਦੀਆਂ ਹਨ ਜਿਹੜਾ ਉਹ ਆਪਣੀ ਰਿਹਾਇਸ਼ ਵਾਲੇ ਏਰੀਏ ਵਿਚ ਅਤੇ ਇਸ ਆਧਾਰ 'ਤੇ ਚਲਾ ਸਕਦੇ ਹਨ ਕਿ ਉਨ੍ਹਾਂ ਮੁਤਾਬਕ ਕਿਹੜੀ ਚੀਜ਼ ਉਨ੍ਹਾਂ ਦੀ ਕਮਿਊਨਟੀ ਵਿਚ ਕੰਮ ਕਰਦੀ ਹੈ

**ਅਸੀਂ ਰਲ ਕੇ ਸਿੱਖਦੇ ਹਾਂ:** ਕਮਿਊਨਟੀ ਉਸਾਰਨ ਦਾ ਕੋਈ ਇਕ ਸਹੀ ਰਾਹ ਨਹੀਂ ਹੈ ਇਸ ਕਰਕੇ ਪ੍ਰੋਗਰਾਮ ਵਿਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਉਹ ਗਿਆਨ, ਹੁਨਰ ਅਤੇ ਜਾਣਕਾਰੀ ਸਿੱਖਣ, ਸ਼ੇਅਰ ਕਰਨ, ਅਕਸ ਦਿਖਾਉਣ, ਵਟਾਉਣ ਅਤੇ ਗ੍ਰਹਿਣ ਕਰਨ ਦੇ ਕਈ ਮੌਕੇ ਮਿਲਣਗੇ ਜਿਨ੍ਹਾਂ ਦੀ ਵਰਤੋਂ ਉਹ ਪ੍ਰੋਗਰਾਮ ਦੇ ਵਿਚ ਅਤੇ ਬਾਅਦ ਵਿਚ ਕਰ ਸਕਦੇ ਹਨ

**ਹਰ ਇਕ ਨੂੰ ਸੱਦਾ ਹੈ:** ਇਹ ਪ੍ਰੋਗਰਾਮ ਐੱਨ ਐੱਸ ਜੀ ਏਰੀਏ ਵਿਚ ਰਹਿੰਦੇ ਕਿਸੇ ਵੀ ਵਿਅਕਤੀ ਲਈ ਪਹੁੰਚਯੋਗ ਅਤੇ ਉਸ ਨੂੰ ਸ਼ਾਮਲ ਕਰਨ ਵਾਲਾ ਹੈ ਭਾਵੇਂ ਉਸ ਦੀ ਉਮਰ, ਨਸਲ, ਆਮਦਨ, ਸਭਿਆਚਾਰਕ ਪਿਛੋਕੜ, ਜੈਂਡਰ(ਲਿੰਗ), ਸਮਰੱਥਾ ਅਤੇ ਕਾਮੁਕ ਰੁਚੀ ਕੋਈ ਵੀ ਹੋਵੇ

**ਕੌਣ ਅਪਲਾਈ ਕਰ ਸਕਦਾ ਹੈ?**

- ਪ੍ਰੋਜੈਕਟਾਂ ਦਾ ਐੱਨ ਐੱਸ ਜੀ ਪ੍ਰੋਗਰਾਮ ਵਾਲੇ ਇਲਾਕਿਆਂ ਵਿਚ ਹੋਣਾ ਜ਼ਰੂਰੀ ਹੈ।
- ਹਰ ਐੱਨ ਐੱਸ ਜੀ ਪ੍ਰੋਜੈਕਟ ਲਈ ਦੋ ਅਰਜ਼ੀਕਰਤਾ ਹੋਣੇ ਜ਼ਰੂਰੀ ਹਨ। ਦੋਨੋਂ ਅਰਜ਼ੀਕਰਤਾ ਇੱਕੋ ਇਲਾਕੇ ਵਿਚ ਪਰ ਵੱਖਰੇ ਐਡਰੈਸਾਂ 'ਤੇ ਰਹਿੰਦੇ ਹੋਣੇ ਜ਼ਰੂਰੀ ਹਨ।
- ਪ੍ਰੋਜੈਕਟ ਦਾ ਤੁਹਾਡੇ ਆਂਢ-ਗੁਆਂਢ ਵਿਚ ਹੋਣਾ ਜ਼ਰੂਰੀ ਹੈ।
- ਤੁਸੀਂ ਇਕ ਸਾਲ ਵਿਚ ਸਿਰਫ **ਇਕ** ਐੱਨ ਐੱਸ ਜੀ ਪ੍ਰੋਜੈਕਟ ਲਈ ਹੀ ਅਪਲਾਈ ਕਰ ਸਕਦੇ ਹੋ ਅਤੇ ਤੁਸੀਂ ਸਿਰਫ ਇਕ ਇਲਾਕੇ ਵਿਚ ਹੀ ਅਪਲਾਈ ਕਰ ਸਕਦੇ ਹੋ।
- ਰਜਿਸਟਰਸ਼ੁਦਾ ਸੰਸਥਾਵਾਂ ਅਤੇ ਬਿਜ਼ਨਸ ਅਪਲਾਈ ਕਰਨ ਦੇ ਯੋਗ ਨਹੀਂ ਹਨ।
- ਕਿਸੇ ਕਮਿਊਨਟੀ ਸੰਸਥਾ ਨਾਲ ਪੁਰਾਣੇ ਕੋਨੈਕਸ਼ਨ ਦੀ ਲੋੜ ਨਹੀਂ ਹੈ।

**ਐੱਨ ਐੱਸ ਜੀ ਬਾਰੇ ਜਾਣਨ ਲਈ ਤੁਹਾਨੂੰ ਕਿਹੜੀ ਜਾਣਕਾਰੀ ਦੀ ਲੋੜ ਹੈ?**

- ਤੁਹਾਡੇ ਪ੍ਰੋਜੈਕਟ ਵਿਚ ਸ਼ਾਮਲ ਹੋਣਾ ਅਤੇ ਹਿੱਸਾ ਲੈਣਾ ਮੁਫਤ ਹੋਣਾ ਜ਼ਰੂਰੀ ਹੈ। ਅਸੀਂ ਉਨ੍ਹਾਂ ਪ੍ਰੋਜੈਕਟਾਂ ਲਈ ਅਰਜ਼ੀਆਂ ਨੂੰ ਉਤਸ਼ਾਹ ਦਿੰਦੇ ਹਾਂ ਜਿਹੜੇ ਅਪਾਹਜਤਾਵਾਂ ਵਾਲੇ ਲੋਕਾਂ ਲਈ ਪਹੁੰਚਯੋਗ ਹਨ ਅਤੇ ਸਾਰੇ ਲੋਕਾਂ ਨੂੰ ਸ਼ਾਮਲ ਕਰਦੇ ਹਨ।
- ਆਪਣੇ ਪ੍ਰੋਗਰਾਮ ਦੌਰਾਨ ਤੁਸੀਂ ਹੋਰ ਪ੍ਰੋਜੈਕਟਾਂ ਅਤੇ/ਜਾਂ ਸੰਸਥਾਵਾਂ ਲਈ ਫੰਡ ਇਕੱਠੇ ਨਹੀਂ ਕਰ ਸਕਦੇ। ਪਰ, ਅਸੀਂ ਆਪਣੇ ਪ੍ਰੋਜੈਕਟ ਲਈ ਸਥਾਨਕ ਕਾਰੋਬਾਰਾਂ ਤੋਂ ਦਾਨ ਮੰਗਣ ਜਾਂ ਕਿਸੇ ਤਰ੍ਹਾਂ ਦੇ ਗਿਫਟ ਲੈਣ ਲਈ ਉਤਸ਼ਾਹ ਦਿੰਦੇ ਹਾਂ।
- ਵੱਡੇ ਪੂੰਜੀ ਨਿਵੇਸ਼ ਵਾਲੇ ਪ੍ਰੋਜੈਕਟ ਯੋਗ ਨਹੀਂ ਹਨ ਜਿਨ੍ਹਾਂ ਵਿਚ ਪਲੇਅਗਰਾਊਂਡਾਂ ਵਰਗੀ ਜਨਤਕ ਸੰਪਤੀ ਦੀ ਉਸਾਰੀ ਅਤੇ ਸੰਭਾਲ ਜਾਂ ਕੰਪਿਊਟਰਾਂ ਵਰਗੇ ਸਾਜ਼-ਸਾਮਾਨ ਖਰੀਦਣਾ ਸ਼ਾਮਲ ਹਨ।
- ਇਲਾਜ ਅਤੇ ਕੌਂਸਲਿੰਗ ਵਾਲੇ ਪ੍ਰੋਜੈਕਟ ਸ਼ਾਮਲ ਨਹੀਂ ਹਨ।
- ਤੁਹਾਡੇ ਲਈ ਆਪਣਾ ਪ੍ਰੋਜੈਕਟ ਗਰਾਂਟ ਦਾ ਫੈਸਲਾ ਹੋਣ ਤੋਂ ਬਾਅਦ ਸ਼ੁਰੂ ਕਰਨਾ ਜ਼ਰੂਰੀ ਹੈ। ਪਹਿਲਾਂ ਸ਼ੁਰੂ ਕੀਤੇ ਗਏ ਪ੍ਰੋਜੈਕਟਾਂ ਦੀ ਮਦਦ ਨਹੀਂ ਕੀਤੀ ਜਾਂਦੀ।
- ਭਾਵੇਂ ਕਿ ਕੁਝ ਪ੍ਰੋਜੈਕਟ ਸਾਲ ਭਰ ਚੱਲ ਸਕਦੇ ਹਨ, ਪਰ ਇਹ ਉਮੀਦ ਕੀਤੀ ਜਾਂਦੀ ਹੈ ਕਿ ਤੁਹਾਡੇ ਐੱਨ ਐੱਸ ਜੀ ਗਰਾਂਟ ਦੇ ਪੈਸੇ 30 ਨਵੰਬਰ ਤੱਕ ਖਰਚੇ ਜਾਣੇ ਜ਼ਰੂਰੀ ਹਨ।

**ਆਪਣੇ ਪ੍ਰੋਜੈਕਟ ਦੇ ਖਰਚਿਆਂ ਦਾ ਅੰਦਾਜ਼ਾ ਲਾਉਣ ਬਾਰੇ ਤੁਹਾਨੂੰ ਕੀ ਸੋਚਣ ਦੀ ਲੋੜ ਹੈ?**

- ਪ੍ਰੋਜੈਕਟਾਂ ਲਈ ਗਰਾਂਟ ਦੀਆਂ ਬੇਨਤੀਆਂ 500 ਡਾਲਰ ਤੋਂ ਘੱਟ ਰੱਖੇ ਜਾਣ ਦੀ ਉਮੀਦ ਹੈ। ਪਰ, ਜਿਹੜੀਆਂ ਅਰਜ਼ੀਆਂ ਐੱਨ ਐੱਸ ਜੀ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਵੱਖਰੇ ਅਤੇ ਉਸਾਰੂ ਤਰੀਕਿਆਂ ਦੀ ਪੇਸ਼ਕਸ਼ ਕਰਦੀਆਂ ਹਨ, ਉਨ੍ਹਾਂ ਨੂੰ ਜ਼ਿਆਦਾ ਫੰਡਾਂ ਲਈ ਵਿਚਾਰਿਆ ਜਾ ਸਕਦਾ ਹੈ।
- ਤੁਸੀਂ ਆਪਣੇ ਪ੍ਰੋਜੈਕਟ ਤੋਂ ਮਾਇਕ ਤੌਰ ’ਤੇ ਫਾਇਦਾ ਨਹੀਂ ਲੈ ਸਕਦੇ। ਗਰਾਂਟ ਦੇ ਪੈਸੇ ਪ੍ਰੋਜੈਕਟ ਦੀ ਮਦਦ ਲਈ ਲਈਆਂ ਸੇਵਾਵਾਂ ਲਈ ਲੋਕਾਂ ਨੂੰ ਪੈਸੇ ਦੇਣ ਲਈ ਵਰਤੇ ਜਾ ਸਕਦੇ ਹਨ (ਜਿਸ ਨੂੰ ਔਨਰੇਰੀਅਮ (ਮਾਣ ਭੱਤਾ) ਵੀ ਕਿਹਾ ਜਾਂਦਾ ਹੈ)। ਜਿਵੇਂ ਕਿ ਕਿਸੇ ਨੂੰ ਵਰਕਸ਼ਾਪ ਲਾਉਣ ਜਾਂ ਤਰਖਾਣਾਂ ਕੰਮ ਕਰਨ ਲਈ ਪੈਸੇ ਦੇਣਾ। ਕੁੱਲ ਔਨਰੇਰੀਅਮ ਪ੍ਰਤੀ ਅਰਜ਼ੀ ਜਾਂ ਪ੍ਰਤੀ ਪ੍ਰੋਜੈਕਟ 100 ਡਾਲਰ ਤੋਂ ਜ਼ਿਆਦਾ ਨਹੀਂ ਹੋ ਸਕਦਾ। ਤੁਸੀਂ ਪ੍ਰੋਜੈਕਟ ਦੇ ਖਤਮ ਹੋਣ ਤੋਂ ਬਾਅਦ ਇਕ ਸਾਲ ਲਈ ਪ੍ਰੋਜੈਕਟ ਦੇ ਖਰਚਿਆਂ ਦੀਆਂ ਰਸੀਦਾਂ ਰੱਖਣ ਲਈ ਜ਼ਿੰਮੇਵਾਰ ਹੋ।

**ਆਪਣੇ ਪ੍ਰੋਜੈਕਟ ਲਈ ਜੇ ਤੁਸੀਂ ਕੋਈ ਪਬਲਿਕ ਥਾਂ ਵਰਤਣੀ ਹੈ ਤਾਂ ਤੁਹਾਨੂੰ ਕੀ ਜਾਣਨ ਦੀ ਲੋੜ ਹੈ (ਉਦਾਹਰਣ ਲਈ ਆਂਢ-ਗੁਆਂਢ ਦੀ ਕੋਈ ਸਟਰੀਟ ਜਾਂ ਪਾਰਕ)?**

- ਆਂਢ-ਗੁਆਂਢ ਦੀਆਂ ਸਟਰੀਟਾਂ ਜਾਂ ਪਬਲਿਕ ਥਾਂਵਾਂ ਅਤੇ/ਜਾਂ ਪਾਰਕਾਂ ’ਤੇ ਕੀਤੇ ਜਾਣ ਵਾਲੇ ਪ੍ਰੋਜੈਕਟਾਂ ਲਈ ਮਿਊਨਿਸਪਲ ਬਾਈ-ਲਾਅਜ਼ ਦੀ ਪਾਲਣਾ ਕਰਨਾ ਜ਼ਰੂਰੀ ਹੈ।
- ਆਪਣਾ ਪ੍ਰੋਜੈਕਟ ਸ਼ੁਰੂ ਹੋਣ ਦੀ ਤਾਰੀਕ ਤੋਂ ਪਹਿਲਾਂ ਤੁਹਾਡੇ ਲਈ ਲਾਇਬਿਲਟੀ ਇਨਸ਼ੋਰੈਂਸ ਲੈਣਾ ਜ਼ਰੂਰੀ ਹੈ।
- ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਲੋਕਲ ਮਿਊਨਿਸਪਲ ਵੈੱਬੋਪੇਜਾਂ ’ਤੇ ਜਾਉ ਜਾਂ ਆਪਣੀ ਮਿਊਨਿਸਪਲ ਇਨਫਰਮੇਸ਼ਨ ਲਾਈਨ ਨੂੰ ਫੋਨ ਕਰੋ।

**ਆਪਣਾ ਪ੍ਰੋਜੈਕਟ ਕਰਨ ਵੇਲੇ ਤੁਹਾਨੂੰ ਕੀ ਸੋਚਣ ਦੀ ਲੋੜ ਹੈ?**

- ਤੁਹਾਡੇ ਪ੍ਰੋਜੈਕਟ ਤੋਂ ਐੱਨ ਐੱਸ ਜੀ ਦੇ ਸਿਧਾਂਤਾਂ ਅਤੇ ਟੀਚਿਆਂ ਵਿੱਚੋਂ ਇਕ ਜਾਂ ਜ਼ਿਆਦਾ ’ਤੇ ਪੂਰਾ ਉਤਰਨ ਦੀ ਉਮੀਦ ਰੱਖੀ ਜਾਂਦੀ ਹੈ। ਮੁਢਲਾ ਧਿਆਨ, ਆਂਢ-ਗੁਆਂਢਾਂ ਵਿਚਕਾਰ ਸੰਬੰਧ ਉਸਾਰਨਾ ਅਤੇ ਕਮਿਊਨਟੀ ਵਿਚ ਕਮਿਊਨਟੀ ਦੇ ਮੈਂਬਰਾਂ ਦੀ ਸ਼ਮੂਲੀਅਤ ਵਧਾਉਣਾ ਹੋਣਾ ਚਾਹੀਦਾ ਹੈ।
- ਤੁਹਾਡਾ ਪ੍ਰੋਜੈਕਟ ਉਸ ਇਲਾਕੇ ਵਿਚ ਹੋਣਾ ਜ਼ਰੂਰੀ ਹੈ ਜਿੱਥੇ ਤੁਹਾਡੀ ਅਰਜ਼ੀ ’ਤੇ ਕਾਰਵਾਈ ਕੀਤੀ ਜਾਵੇਗੀ।
- ਮੇਲੇ ਵਰਗੇ ਪ੍ਰੋਗਰਾਮਾਂ ਤੋਂ ਕਿਸੇ ਖਾਸ ਆਂਢ-ਗੁਆਂਢ ਜਾਂ ਕਮਿਊਨਟੀ ’ਤੇ ਧਿਆਨ ਕੇਂਦਰਿਤ ਕਰਨ ਦੀ ਉਮੀਦ ਰੱਖੀ ਜਾਂਦੀ ਹੈ ਜਿਸ ਵਿਚ 100 ਤੋਂ ਲੈ ਕੇ 300 ਤੱਕ ਲੋਕ ਆ ਸਕਦੇ ਹੋਣ। ਮੇਲਿਆਂ ਦੇ ਹਿੱਸੇ ਵਾਲੇ ਪ੍ਰੋਜੈਕਟਾਂ ਲਈ ਕੋਈ ਅਜਿਹੀ ਸਰਗਰਮੀ ਜ਼ਰੂਰ ਹੋਣੀ ਚਾਹੀਦੀ ਹੈ ਜਿਹੜੀ ਵਸਨੀਕਾਂ ਦੀ ਇਕ ਦੂਜੇ ਨਾਲ ਸਬੰਧ ਬਣਾਉਣ ਜਾਂ ਮਜ਼ਬੂਤ ਕਰਨ ਵਿਚ ਮਦਦ ਕਰਦੀ ਹੋਵੇ।

**ਗਰਾਂਟ ਦੇ ਪੈਸੇ ਮਿਲਣ ਤੋਂ ਬਾਅਦ ਤੁਸੀਂ ਕੀ ਕਰਨਾ ਹੈ?**

- ਭਵਿੱਖ ਦੇ ਅਰਜ਼ੀਕਰਤਾਵਾਂ ਦੀ ਮਦਦ ਕਰਨ ਲਈ, ਫੋਟੋਆਂ ਖਿੱਚ ਕੇ, ਵੀਡੀਓਜ਼ ਬਣਾ ਕੇ ਜਾਂ ਆਪਣੇ ਪ੍ਰੋਗਰਾਮ ਦਾ ਇਕ ਸੰਖੇਪ ਲਿਖ ਕੇ ਕਿਰਪਾ ਕਰਕੇ ਆਪਣੇ ਪ੍ਰੋਜੈਕਟ ਨੂੰ ਡਾਕੂਮੈਂਟ ਕਰੋ। ਇਨ੍ਹਾਂ ਨੂੰ ਆਪਣੇ ਐੱਨ ਐੱਸ ਜੀ ਕੋਆਰਡੀਨੇਟਰ ਨਾਲ ਸਾਂਝਾ ਕਰੋ ਅਤੇ ਇਨ੍ਹਾਂ ਨੂੰ ਪ੍ਰੋਗਰਾਮ ਦੇ ਵੈੱਬਸਾਈਟ ’ਤੇ neighbourhoodsmallgrants.ca ਚਾੜ੍ਹੋ।
- ਪ੍ਰੋਜੈਕਟ ਲੀਡਰਾਂ ਤੋਂ ਐੱਨ ਐੱਸ ਜੀ ਦੇ ਪੱਤਝੜ ਰੁੱਤ ਦੇ ਜਸ਼ਨ ਦੇ ਪ੍ਰੋਗਰਾਮ ਵਿਚ ਹਿੱਸਾ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਤੁਹਾਨੂੰ ਹੋਰ ਹਾਜ਼ਰੀਨ ਨਾਲ ਆਪਣੇ ਪ੍ਰੋਜੈਕਟ ਦੀ ਕਹਾਣੀ ਸਾਂਝੀ ਕਰਨ ਲਈ ਕਿਹਾ ਜਾ ਸਕਦਾ ਹੈ।
- ਪ੍ਰੋਗਰਾਮਾਂ ਦੇ ਪੋਸਟਰਾਂ ’ਤੇ ਢੁਕਵੇਂ ਲੋਗੋ ਜਾਂ ਪ੍ਰੋਜੈਕਟ ਬਾਰੇ ਦੱਸਣ ਵਾਲੀ ਹੋਰ ਸਮੱਗਰੀ ਦਿਖਾ ਕੇ, ਵੈਨਕੂਵਰ ਫਾਊਂਡੇਸ਼ਨ/ਤੁਹਾਡੀ ਲੋਕਲ ਫਾਊਂਡੇਸ਼ਨ ਅਤੇ ਤੁਹਾਡੀ ਕਮਿਊਨਟੀ ਸੰਸਥਾ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ।

- ਤੁਹਾਡੇ ਪ੍ਰੋਜੈਕਟ ਦੇ ਮੁਕੰਮਲ ਹੋ ਜਾਣ ਤੋਂ ਬਾਅਦ, ਤੁਹਾਡੇ ਲਈ ਆਪਣੇ ਐੱਨ ਐੱਸ ਜੀ ਕੋਆਰਡੀਨੇਟਰ ਕੋਲ ਇਵੈਲੂਏਸ਼ਨ ਰਿਪੋਰਟ ਦਰਜ ਕਰਵਾਉਣਾ ਜ਼ਰੂਰੀ ਹੈ। ਪ੍ਰੋਜੈਕਟ ਦੇ ਪੂਰਾ ਹੋਣ ਦੀ ਤਾਰੀਕ ਦੇ ਨੇੜੇ ਤੁਹਾਡਾ ਐੱਨ ਐੱਸ ਜੀ ਕੋਆਰਡੀਨੇਟਰ ਤੁਹਾਨੂੰ ਹੋਰ ਹਿਦਾਇਤਾਂ ਦੇਵੇਗਾ। ਤੁਹਾਡੇ ਲਈ ਗਰਾਂਟ ਦੇ ਕੋਈ ਵੀ ਅਣਵਰਤੇ ਪੈਸੇ ਆਪਣੇ ਐੱਨ ਐੱਸ ਜੀ ਕੋਆਰਡੀਨੇਟਰ ਨੂੰ ਵਾਪਸ ਦੇਣਾ ਜ਼ਰੂਰੀ ਹੈ।

## ਹਿੱਸਾ 1: ਅਰਜ਼ੀਕਰਤਾ ਦੀ ਜਾਣਕਾਰੀ

ਹਰ ਪ੍ਰੋਜੈਕਟ ਦੀ ਅਰਜ਼ੀ ਲਈ ਇੱਕੋ ਇਲਾਕੇ ਵਿਚ ਰਹਿ ਰਹੇ ਘੱਟੋ ਘੱਟ ਦੋ ਅਰਜ਼ੀਕਰਤਾਵਾਂ ਦੀ ਲੋੜ ਹੈ। ਜਿਹੜਾ ਵਿਅਕਤੀ ਅਰਜ਼ੀ ਭਰਦਾ ਹੈ ਉਸ ਨੂੰ **'ਮੁੱਖ'** ਅਰਜ਼ੀਕਰਤਾ ਕਿਹਾ ਜਾਂਦਾ ਹੈ। ਦੂਜਾ ਵਿਅਕਤੀ **'ਸਹਾਇਕ-ਅਰਜ਼ੀਕਰਤਾ'** ਹੈ।

| **ਮੁੱਖ ਅਰਜ਼ੀਕਰਤਾ ਦੀ ਜਾਣਕਾਰੀ ਹੇਠਾਂ ਦਿੱਤੀ ਜਾਂਦੀ ਹੈ** | **ਸਹਾਇਕ-ਅਰਜ਼ੀਕਰਤਾ ਦੀ ਜਾਣਕਾਰੀ ਹੇਠਾਂ ਦਿੱਤੀ ਜਾਂਦੀ ਹੈ** |
|---|---|
| ਕਾਨੂੰਨੀ ਨਾਂ: | ਕਾਨੂੰਨੀ ਨਾਂ: |
| ਐਡਰੈਸ: | ਐਡਰੈਸ: |
| ਸ਼ਹਿਰ: ਪੋਸਟਲ ਕੋਡ: | ਸ਼ਹਿਰ: ਪੋਸਟਲ ਕੋਡ: |
| ਫੋਨ: ਈਮੇਲ: | ਫੋਨ: ਈਮੇਲ: |

**ਜੇ ਚੈੱਕ ਅਰਜ਼ੀਕਰਤਾ (ਅਰਜ਼ੀਕਰਤਾਵਾਂ) ਦੀ ਤਰਫੋਂ ਜਾਰੀ ਕੀਤੀ ਜਾਵੇਗੀ ਤਾਂ ਹਿੱਸੇਦਾਰ ਸੰਸਥਾ:** ਕੁਝ ਹਾਲਤਾਂ ਵਿਚ, ਗਰਾਂਟ ਦੀਆਂ ਪੇਮੈਂਟਾਂ ਉਨ੍ਹਾਂ ਸੰਸਥਾਵਾਂ ਨੂੰ ਜਾਰੀ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਅਰਜ਼ੀਕਰਤਾਵਾਂ ਦੀ ਹਿਮਾਇਤ ਕਰਦੀਆਂ ਹਨ। ਜੇ ਇਹ ਤੁਹਾਡੇ 'ਤੇ ਲਾਗੂ ਨਹੀਂ ਹੁੰਦਾ ਤਾਂ ਕਿਰਪਾ ਕਰਕੇ ਇਹ ਸਵਾਲ ਛੱਡ ਦਿਉ।

| | |
|---|---|
| ਸੰਸਥਾ: | |
| ਸਟਾਫ ਸੰਪਰਕ: | ਫੋਨ ਨੰਬਰ: |

| | |
|---|---|
| 1. ਕੀ ਤੁਸੀਂ ਨੇਬਰਹੁੱਡ ਸਮਾਲ ਗਰਾਂਟਸ (ਐੱਨ ਐੱਸ ਜੀ) ਪ੍ਰੋਗਰਾਮ ਲਈ ਪਹਿਲਾਂ ਵੀ ਅਪਲਾਈ ਕੀਤਾ ਹੈ?<br>O ਹਾਂ O ਨਹੀਂ | 2. ਜੇ ਹਾਂ ਤਾਂ ਤੁਸੀਂ ਕਿੰਨੇ ਸਾਲ ਫੰਡ ਲਏ ਹਨ?<br>☐ 1 ਸਾਲ ☐ 2 ਸਾਲ ☐ 3 ਸਾਲ ਜਾਂ ਜ਼ਿਆਦਾ ਸਮਾਂ |

3. ਕੀ ਤੁਸੀਂ ਕਿਸੇ ਅਜਿਹੇ ਪ੍ਰੋਜੈਕਟ ਲਈ ਅਪਲਾਈ ਕਰ ਰਹੇ ਹੋ ਜਿਸ ਨੂੰ ਪਿਛਲੇ ਸਾਲਾਂ ਵਿਚ ਫੰਡ ਮਿਲੇ ਹਨ? ਜਾਂ ਕੀ ਇਹ ਨਵਾਂ ਖਿਆਲ ਹੈ?

O ਪਿਛਲੇ ਸਾਲਾਂ ਵਿਚ ਫੰਡ ਮਿਲੇ ਸਨ O ਨਵਾਂ ਖਿਆਲ

4. ਜੇ ਤੁਹਾਡੇ ਪ੍ਰੋਜੈਕਟ ਨੂੰ ਬੀਤੇ ਸਮੇਂ ਵਿਚ ਪੈਸੇ ਦਿੱਤੇ ਗਏ ਸਨ ਤਾਂ ਕਿਰਪਾ ਕਰਕੇ ਇਹ ਵਰਣਨ ਕਰੋ ਕਿ ਇਸ ਪ੍ਰੋਜੈਕਟ ਦੀ ਫਿਰ ਕਿਉਂ ਲੋੜ ਹੈ। ਇਸ ਸਾਲ ਦਾ ਪ੍ਰੋਜੈਕਟ ਪਿਛਲੇ ਸਾਲਾਂ ਨਾਲੋਂ ਵੱਖਰਾ ਕਿਵੇਂ ਹੋਵੇਗਾ, ਉਸ ਵਿਚ ਵਾਧਾ ਕਿਵੇਂ ਕਰੇਗਾ, ਉਸ ਵਿਚ ਤਬਦੀਲੀ ਜਾਂ ਹੋਰ ਕੀ ਸ਼ਾਮਲ ਕਰੇਗਾ?

## ਹਿੱਸਾ 2: ਤੁਹਾਡੇ ਪ੍ਰੋਜੈਕਟ ਬਾਰੇ ਵੇਰਵੇ

5. ਤੁਹਾਡੇ ਪ੍ਰੋਜੈਕਟ ਦਾ ਨਾਂ ਕੀ ਹੈ?

6. ਤੁਸੀਂ ਕਿਸ ਕਿਸਮ ਦੇ ਪ੍ਰੋਜੈਕਟ ਲਈ ਅਪਲਾਈ ਕਰ ਰਹੇ ਹੋ? ਜੇ ਤੁਸੀਂ **"ਹੋਰ"** ਦੀ ਚੋਣ ਕਰਦੇ ਹੋ ਤਾਂ ਕਿਰਪਾ ਕਰਕੇ ਇਸ ਦਾ ਵੇਰਵਾ ਦਿਉ।

- ਬਲੌਕ ਪਾਰਟੀ
- ਵਰਟੀਕਲ ਕਮਿਊਨਟੀ (ਹਾਈ ਰਾਈਜ਼ ਅਤੇ ਅਪਾਰਟਮੈਂਟ ਬਿਲਡਿੰਗ) ਦੇ ਇਕੱਠੇ ਹੋਣ ਦੇ ਪ੍ਰੋਗਰਾਮ
- ਆਂਢ-ਗੁਆਂਢ ਦੀ ਸਫਾਈ
- ਕਮਿਊਨਟੀ ਨਾਲ ਗੱਲਬਾਤ
- ਸਿਹਤ ਅਤੇ ਭਲਾਈ
- ਆਂਢ-ਗੁਆਂਢ ਦੀ ਸੇਫਟੀ
- ਮਦਦ/ਖਿਆਲ ਰੱਖਣ ਨਾਲ ਸੰਬੰਧਿਤ ਸਰਗਰਮੀਆਂ ਜਿਨ੍ਹਾਂ ਵਿਚ ਸਾਇਕੋਥੈਰੇਪੀ ਜਾਂ ਕੌਂਸਲਿੰਗ ਸ਼ਾਮਲ ਨਹੀਂ ਹੈ
- ਅੰਤਰ-ਪੀੜ੍ਹੀ ਸੰਬੰਧ
- ਖੇਡਾਂ ਅਤੇ ਮਨੋਰੰਜਨ
- ਆਰਟਸ
- ਸਭਿਆਚਾਰਕ ਸਰਗਰਮੀਆਂ
- ਖਾਣਿਆਂ ਦੀ ਸੁਰੱਖਿਆ (ਬਾਗਬਾਨੀ, ਡੱਬੇਬੰਦੀ ਅਤੇ ਕੁਕਿੰਗ)
- ਵਾਤਾਵਰਣ ਅਤੇ ਹਰਿਆਈ 'ਤੇ ਕੇਂਦਰਿਤ
- ਗਿਆਨ/ਵਸੀਲੇ ਸਾਂਝੇ ਕਰਨਾ (ਕੱਪੜੇ ਵਟਾਉਣਾ ਜਾਂ ਖਾਣੇ ਬਣਾਉਣਾ ਸਿੱਖਣਾ)
- ਕਮਿਊਨਟੀ ਦੇ ਇਤਿਹਾਸ ਦੀ ਕਦਰ ਅਤੇ ਟੂਰ
- ਹੋਰ (ਕਿਰਪਾ ਕਰਕੇ ਦੱਸੋ) ____________________________________________

7. ਕਿਰਪਾ ਕਰਕੇ ਆਪਣੇ ਪ੍ਰੋਜੈਕਟ ਦਾ ਵੱਧ ਤੋਂ ਵੱਧ ਵੇਰਵਾ ਦਿਉ। ਇਸ ਭਾਗ ਵਿਚ ਸਾਨੂੰ ਆਪਣੇ ਖਿਆਲ ਅਤੇ ਸੁਫਨੇ (ਵਿਜ਼ਨ) ਬਾਰੇ ਦੱਸੋ। ਤੁਹਾਡਾ ਪ੍ਰੋਜੈਕਟ ਗੁਆਂਢੀਆਂ ਵਿਚਕਾਰ ਸੰਬੰਧ ਕਿਵੇਂ ਉਸਾਰਦਾ ਹੈ ਅਤੇ ਤੁਹਾਡੀ ਕਮਿਊਨਟੀ ਵਿਚ ਰਹਿੰਦੇ ਲੋਕਾਂ ਨੂੰ ਸ਼ਾਮਲ ਕਿਵੇਂ ਕਰਦਾ ਹੈ?

8. ਅਸੀਂ ਗਰਾਂਟ ਵਾਲੇ ਪੈਸਿਆਂ ਦਾ ਛੋਟਾ ਜਿਹਾ ਹਿੱਸਾ ਹੇਠਾਂ ਦੱਸੇ ਗਏ ਦੋ ਤਰਜੀਹੀ ਖੇਤਰਾਂ ਲਈ ਰੱਖਿਆ ਹੈ। ਕਿਰਪਾ ਕਰਕੇ ਦੱਸੋ ਜੇ ਤੁਹਾਡਾ ਪ੍ਰੋਜੈਕਟ ਹੇਠਲੇ ਕਿਸੇ ਵੀ ਤਰਜੀਹੀ ਖੇਤਰ 'ਤੇ ਕੇਂਦਰਿਤ ਹੈ।

**ਨੋਟ: ਜੇ ਤੁਹਾਡਾ ਪ੍ਰੋਜੈਕਟ ਹੇਠਲੇ ਕਿਸੇ ਤਰਜੀਹੀ ਖੇਤਰ ਬਾਰੇ ਨਹੀਂ ਹੈ ਤਾਂ ਕਿਰਪਾ ਕਰਕੇ ਇਹ ਸਵਾਲ ਛੱਡ ਦਿਉ।**

- ਆਦਿਵਾਸੀ ਅਤੇ ਗੈਰ-ਆਦਿਵਾਸੀ, ਅੰਤਰ-ਸਭਿਆਚਾਰਕ ਸਿੱਖਿਆ ਅਤੇ ਸਮਝ
- (ਸ਼ਬਦ "ਆਦਿਵਾਸੀ" ਦਾ ਮਤਲਬ ਸਾਂਝੇ ਤੌਰ 'ਤੇ ਫਸਟ ਨੇਸ਼ਨਜ਼, ਇਨੂਇਟ ਅਤੇ ਮੇਟੀਸ ਲੋਕਾਂ ਤੋਂ ਹੈ)
- ਜਵਾਨਾਂ ਵਲੋਂ ਅਤੇ ਜਵਾਨਾਂ 'ਤੇ ਕੇਂਦਰਿਤ ਪ੍ਰੋਜੈਕਟ (ਉਮਰ 18-24 ਸਾਲ)

ਕਿਰਪਾ ਕਰਕੇ ਹੇਠਾਂ ਦੱਸੋ ਜੇ ਤੁਸੀਂ ਹੋ

- ਜਵਾਨ (ਉਮਰ 18-24 ਸਾਲ)
- ਆਪਣੇ ਆਪ ਦੀ ਪਛਾਣ ਆਦਿਵਾਸੀ ਵਜੋਂ ਕਰਦੇ ਹੋ (ਫਸਟ ਨੇਸ਼ਨਜ਼, ਮੇਟੀਸ, ਇਨੂਇਟ, ਹੋਰ)

9. ਐੱਨ ਐੱਸ ਜੀ ਪ੍ਰੋਗਰਾਮ ਦੇ ਟੀਚੇ

- ਗੁਆਂਢੀਆਂ ਨਾਲ ਜੁੜਨਾ ਅਤੇ ਉਨ੍ਹਾਂ ਨੂੰ ਸ਼ਾਮਲ ਕਰਨਾ
- ਹੁਨਰ ਅਤੇ ਗਿਆਨ ਸਾਂਝੇ ਕਰਨਾ
- ਜੁੜੇ ਹੋਣ ਦੀ ਭਾਵਨਾ ਨੂੰ ਵਧਾਉਣਾ
- ਆਪਣੀ ਕਮਿਊਨਟੀ ਵਿਚ ਹਾਂ ਪੱਖੀ ਤਰੀਕੇ ਨਾਲ ਯੋਗਦਾਨ ਪਾਉਣਾ
- ਆਪਣੀ ਕਮਿਊਨਟੀ ਦੀ ਭਿੰਨਤਾ ਦਾ ਜਸ਼ਨ ਮਨਾਉਣਾ ਅਤੇ ਇਨ੍ਹਾਂ ਨੂੰ ਦਿਖਾਉਣਾ

10. ਤੁਹਾਡਾ ਪ੍ਰੋਜੈਕਟ ਉਪਰਲੇ ਪ੍ਰੋਗਰਾਮ ਦੇ ਇਕ ਜਾਂ ਜ਼ਿਆਦਾ ਟੀਚੇ ਕਿਵੇਂ ਪੂਰੇ ਕਰਦਾ ਹੈ? (ਵਿਚਾਰ ਕੀਤੇ ਜਾਣ ਲਈ ਤੁਹਾਡੇ ਪ੍ਰੋਜੈਕਟ ਵਲੋਂ ਸਾਰੇ ਟੀਚੇ ਪੂਰੇ ਕਰਨਾ ਜ਼ਰੂਰੀ ਨਹੀਂ ਹੈ।)

| | |
|---|---|
| 11. ਤੁਹਾਡਾ ਪ੍ਰੋਜੈਕਟ ਅਤੇ/ਜਾਂ ਪ੍ਰੋਗਰਾਮ ਕਦੋਂ ਹੋਵੇਗਾ?<br>ਵੱਧ ਤੋਂ ਵੱਧ ਸਹੀ ਦੱਸੋ: | 12. ਤੁਹਾਡਾ ਪ੍ਰੋਜੈਕਟ/ਜਾਂ ਪ੍ਰੋਗਰਾਮ ਕਿੱਥੇ ਹੋਵੇਗਾ? |

13. ਤੁਹਾਡੇ ਪ੍ਰੋਜੈਕਟ ਵਿਚ ਤਕਰੀਬਨ ਕਿੰਨੇ ਲੋਕ ਹਿੱਸਾ ਲੈਣਗੇ ਜਾਂ ਕਿੰਨੇ ਲੋਕਾਂ ਨੂੰ ਇਸ ਦਾ ਸਿੱਧਾ ਫਾਇਦਾ ਹੋਵੇਗਾ?

- ○ 5 ਲੋਕ ਜਾਂ ਘੱਟ
- ○ 6-10 ਲੋਕ
- ○ 11-20 ਲੋਕ
- ○ 20-50 ਲੋਕ
- ○ 51-100 ਲੋਕ
- ○ 100 ਨਾਲੋਂ ਜ਼ਿਆਦਾ ਲੋਕ

14. ਤੁਸੀਂ ਨੇੱਬਰਹੁੱਡ ਸਮਾਲ ਗਰਾਂਟਸ ਪ੍ਰੋਗਰਾਮ ਬਾਰੇ ਕਿਵੇਂ ਸੁਣਿਆ? (ਜਿਹੜਾ ਵੀ ਲਾਗੂ ਹੁੰਦਾ ਹੈ ਉਸ 'ਤੇ ਨਿਸ਼ਾਨੀ ਲਾਉ)

- ☐ ਕਿਸੇ ਲੋਕਲ ਕਮਿਊਨਟੀ ਸੰਸਥਾ ਤੋਂ
- ☐ ਗੁਆਂਢੀ ਤੋਂ
- ☐ ਪੋਸਟਰ/ਬਰੋਸ਼ਰ
- ☐ ਵੈੱਬਸਾਈਟ
- ☐ ਸੋਸ਼ਲ ਮੀਡੀਆ
- ☐ ਨੇੱਬਰਹੁੱਡ ਗਰਾਂਟਸ ਕਮੇਟੀ ਦੇ ਮੈਂਬਰ ਤੋਂ
- ☐ ਹੋਰ ____________________________________________

15. ਤੁਸੀਂ ਆਪਣੇ ਪ੍ਰੋਜੈਕਟ ਦਾ ਪ੍ਰਚਾਰ ਕਿਵੇਂ ਕਰੋਗੇ ਅਤੇ ਕਮਿਊਨਟੀ ਵਿਚਲੇ ਲੋਕਾਂ ਤੱਕ ਕਿਵੇਂ ਪਹੁੰਚ ਕਰੋਗੇ ਅਤੇ/ਜਾਂ ਲੋਕਾਂ ਨੂੰ ਕਿਵੇਂ ਸ਼ਾਮਲ ਕਰੋਗੇ? ਵੱਧ ਤੋਂ ਵੱਧ ਵੇਰਵੇ ਦਿਉ।

**ਹਿੱਸਾ 3: ਬੱਜਟ:** ਕਿਰਪਾ ਕਰਕੇ ਆਪਣੇ ਪ੍ਰੋਜੈਕਟ ਦੇ ਖਰਚਿਆਂ ਦੀ ਲਿਸਟ ਦਿਉ। ਗਰਾਂਟ ਦਾ ਟੀਚਾ ਤੁਹਾਡੇ ਪ੍ਰੋਜੈਕਟ ਨਾਲ ਜੁੜੀਆਂ ਫੀਸਾਂ ਅਤੇ ਖਰਚਿਆਂ ਵਿਚ ਯੋਗਦਾਨ ਪਾਉਣਾ ਹੈ, ਜਿਵੇਂ ਕਿ ਥਾਂ ਦਾ ਕਿਰਾਇਆ, ਖਾਣਾ, ਪਰਮਿਟ ਦੀ ਫੀਸ, ਲਾਇਬਿਲਟੀ ਇਨਸ਼ੋਰੈਂਸ, ਸਾਮੱਗਰੀ ਅਤੇ ਮਾਣ ਭੱਤਾ। ਮਾਣ ਭੱਤਾ ਇਕ ਛੋਟੀ ਫੀਸ ਹੈ ਜਿਹੜੀ ਕਿਸੇ ਨੂੰ ਉਸ ਦੇ ਹੁਨਰਾਂ ਜਾਂ ਗਿਆਨ ਦੇ ਯੋਗਦਾਨ ਲਈ ਦਿੱਤੀ ਜਾਂਦੀ ਹੈ। ਉਦਾਹਰਣਾਂ: ਕਿਸੇ ਆਦਿਵਾਸੀ ਐਲਡਰ ਵਲੋਂ ਉਦਘਾਟਨ/ਸੁਆਗਤ, ਜਾਂ ਕੋਈ ਆਰਟਿਸਟ ਹੁਨਰ ਸਾਂਝਾ ਕਰ ਰਿਹਾ ਹੈ। ਕੁੱਲ ਮਾਣ ਭੱਤਾ **ਪ੍ਰਤੀ ਪ੍ਰੋਜੈਕਟ 100 ਡਾਲਰ** ਤੋਂ ਜ਼ਿਆਦਾ ਨਹੀਂ ਹੋ ਸਕਦਾ।

| **ਵੇਰਵਾ** | **ਰਕਮ** |
|---|---|
| ਮਸ਼ਹੂਰੀ (ਜਿਵੇਂ ਪੋਸਟਰ, ਫਲਾਇਰ, ਐਡਾਂ) | |
| ਸਾਮੱਗਰੀ ਅਤੇ ਸਪਲਾਈਆਂ (ਕਿਰਪਾ ਕਰਕੇ ਇਹ ਗੱਲ ਨੋਟ ਕਰੋ ਕਿ ਕੰਪਿਊਟਰ ਵਰਗੇ ਵੱਡੇ ਸਾਜ਼-ਸਾਮਾਨ ਖਰੀਦਣਾ ਯੋਗ ਨਹੀਂ ਹੈ) | |
| ਫੂਡ | |
| ਮਾਣ ਭੱਤਾ<br>(ਕਿਰਪਾ ਕਰਕੇ ਨੋਟ ਕਰੋ ਕਿ ਮਾਣ ਭੱਤੇ ਦੀ ਫੀਸ 100 ਡਾਲਰ ਤੋਂ ਜ਼ਿਆਦਾ ਨਹੀਂ ਹੋ ਸਕਦੀ) | |
| ਕਿਰਾਏ ਦੇ ਖਰਚੇ | |
| ਪਰਮਿਟ ਫੀਸਾਂ (ਜੇ ਲਾਗੂ ਹੁੰਦਾ ਹੈ) | |
| ਲਾਇਬਿਲਟੀ ਇਨਸ਼ੋਰੈਂਸ (ਜੇ ਲਾਗੂ ਹੁੰਦਾ ਹੈ) | |
| **ਹੋਰ ਖਰਚੇ (ਕਿਰਪਾ ਕਰਕੇ ਦੱਸੋ)** | |
| ਤੁਹਾਡੇ ਪ੍ਰੋਜੈਕਟ ਦੇ ਕੁੱਲ ਖਰਚੇ | |
| ਤੁਸੀਂ ਐੱਨ ਐੱਸ ਜੀ ਪ੍ਰੋਗਰਾਮ ਤੋਂ ਕਿੰਨੇ ਪੈਸੇ ਮੰਗ ਰਹੇ ਹੋ?<br>(500 ਡਾਲਰ ਨਾਲੋਂ ਜ਼ਿਆਦਾ ਨਹੀਂ ਹੋ ਸਕਦੇ) | |
| ਕੋਈ ਹੋਰ ਮਦਦ (ਜੇ ਲਾਗੂ ਹੁੰਦਾ ਹੈ)<br>ਕਮਿਉਨਟੀ ਤੋਂ ਦਾਨ (ਨਗਦ ਜਾਂ ਸਾਮੱਗਰੀ) | |
| ਸਪੌਂਸਰਸ਼ਿਪ | |

ਜੇ ਤੁਹਾਨੂੰ ਗਰਾਂਟ ਦੀ ਪੂਰੀ ਰਕਮ ਨਹੀਂ ਮਿਲਦੀ ਜਿੰਨੀ ਤੁਸੀਂ ਮੰਗ ਰਹੇ ਹੋ ਤਾਂ ਤੁਸੀਂ ਆਪਣੇ ਪ੍ਰੋਜੈਕਟ ਵਿਚ ਤਬਦੀਲੀ ਕਿਵੇਂ ਕਰੋਗੇ?

## ਹਿੱਸਾ 4: ਗਰਾਂਟ ਅਰਜ਼ੀਆਂ ਬਾਰੇ ਜਾਣਕਾਰੀ

ਅੱਗੇ ਲਿਖੇ ਸਵਾਲਾਂ ਦਾ ਜਵਾਬ ਦੇਣਾ ਤੁਹਾਡੀ ਮਰਜ਼ੀ ਹੈ। ਇਸ ਦਾ ਮਤਲਬ ਹੈ ਕਿ **ਤੁਹਾਡੇ ਲਈ ਜਵਾਬ ਦੇਣਾ ਜ਼ਰੂਰੀ ਨਹੀਂ ਹੈ**। ਪਰ, ਤੁਹਾਡੇ ਜਵਾਬ ਸਾਡੇ ਲਈ ਮਹੱਤਵਪੂਰਨ ਹਨ ਅਤੇ ਇਹ ਸਾਡੀ ਇਹ ਫੈਸਲਾ ਕਰਨ ਵਿਚ ਮਦਦ ਕਰ ਸਕਦੇ ਹਨ ਕਿ ਕੀ ਅਸੀਂ ਆਪਣੀ ਸਰਵਿਸ ਵਾਲੀਆਂ ਵੱਖ ਵੱਖ ਕਮਿਉਨਟੀਆਂ ਤੱਕ ਪਹੁੰਚ ਕਰ ਰਹੇ ਹਾਂ। ਇਹ ਜਾਣਕਾਰੀ ਸਿਰਫ ਸਾਡੀ ਵਰਤੋਂ ਲਈ ਹੈ ਅਤੇ ਗੁਪਤ ਰੱਖੀ ਜਾਂਦੀ ਹੈ।

| | | |
|---|---|---|
| **ਉਮਰ ਦੀ ਰੇਂਜ (ਕਿਰਪਾ ਕਰਕੇ ਗੋਲ ਦਾਇਰਾ ਵਾਹੋ)**<br>o 13-18<br>o 18-24<br>o 25-34 | o 35-44<br>o 45-54<br>o 55-64 | o 65-74<br>o 75 ਅਤੇ ਜ਼ਿਆਦਾ |
| **ਲਿੰਗ**<br>o ਮਰਦ<br>o ਔਰਤ<br>o ਹੋਰ | | |
| **ਕੀ ਤੁਸੀਂ ਕੈਨੇਡਾ ਵਿਚ ਪੈਦਾ ਹੋਏ ਸੀ?**<br>o ਹਾਂ<br>o ਨਹੀਂ | **ਕੀ ਤੁਸੀਂ ਆਪਣੇ ਆਪ ਨੂੰ ਆਦਿਵਾਸੀ ਸਮਝਦੇ ਹੋ?**<br>o ਹਾਂ<br>o ਨਹੀਂ<br><br>**ਜੇ ਹਾਂ ਤਾਂ ਕਿਰਪਾ ਕਰਕੇ ਆਪਣਾ ਵਿਰਸਾ ਦੱਸੋ:**<br>o ਫਸਟ ਨੇਸ਼ਨਜ਼<br>o ਮੇਟੀਸ<br>o ਇਨੂਇਟ<br>o ਹੋਰ: | |
| **ਤੁਸੀਂ ਆਪਣੀ ਮੌਜੂਦਾ ਕਮਿਉਨਟੀ ਵਿਚ ਕਿੰਨੇ ਸਮੇਂ ਤੋਂ ਰਹਿ ਰਹੇ ਹੋ?**<br>o ਇਕ ਸਾਲ ਨਾਲੋਂ ਘੱਟ<br>o 1-2 ਸਾਲ<br>o 3-4 ਸਾਲ<br>o 5-10 ਸਾਲ<br>o 10 ਜਾਂ ਜ਼ਿਆਦਾ ਸਾਲ | **ਤੁਸੀਂ ਕਿਹੜੀ ਜ਼ਬਾਨ ਵਿਚ ਗੱਲ ਕਰਕੇ ਜ਼ਿਆਦਾ ਆਰਾਮਦੇਹ ਮਹਿਸੂਸ ਕਰਦੇ ਹੋ?**<br>o ਅੰਗਰੇਜ਼ੀ<br>o ਫਰਾਂਸੀਸੀ<br>o ਸਪੈਨਿਸ਼<br>o ਪੰਜਾਬੀ<br>o ਚਾਇਨੀਜ਼ (ਮੈਂਡਾਰਿਨ ਜਾਂ ਕੈਂਟੋਨੀਜ਼)<br>o ਵੀਅਤਨਾਮੀ<br>o ਟੈਗਾਲੋਗ<br>o ਆਦਿਵਾਸੀ ਜ਼ਬਾਨ<br>o ਹੋਰ: | |
| **ਕਿਰਪਾ ਕਰਕੇ ਜਿਹੜਾ ਵੀ ਲਾਗੂ ਹੁੰਦਾ ਹੈ ਉਸ 'ਤੇ ਨਿਸ਼ਾਨੀ ਲਾਉ**<br>o ਘਰ ਮਾਲਕ<br>o ਕਿਰਾਏਦਾਰ<br>o ਸੁਪੋਰਟਿਵ ਹਾਊਜ਼ਿੰਗ ਵਿਚ ਰਹਿੰਦੇ ਹੋ<br>o ਕੋ-ਔਪ ਰਿਹਾਇਸ਼ ਵਿਚ ਰਹਿੰਦੇ ਹੋ<br>o ਟੈਂਪਰੇਰੀ ਸ਼ੈਲਟਰ ਵਿਚ ਰਹਿੰਦੇ ਹੋ<br>o ਜੇ ਤੁਹਾਨੂੰ ਆਪਣੀ ਰਿਹਾਇਸ਼ੀ ਹਾਲਤ ਇੱਥੇ ਲਿਖੀ ਨਾ ਦਿਸੇ ਤਾਂ ਕਿਰਪਾ ਕਰਕੇ ਉਹ ਇੱਥੇ ਲਿਖੋ: | **ਤੁਸੀਂ ਕਿਸ ਕਿਸਮ ਦੇ ਘਰ ਵਿਚ ਰਹਿੰਦੇ ਹੋ?**<br>o ਸਿੰਗਲ ਫੈਮਿਲੀ ਘਰ<br>o ਟਾਊਨ ਹਾਊਸ<br>o ਡੂਪਲੈਕਸ<br>o ਲੋਅ/ਮਿਡ-ਰਾਈਜ਼ (2-6 ਮੰਜ਼ਲਾਂ)<br>o ਹਾਈ-ਰਾਈਜ਼<br>o ਬੇਸਮੈਂਟ ਸੂਈਟ<br>o ਹੋਰ: | |

ਨੇਬਰਹੁੱਡ ਸਮਾਲ ਗਰਾਂਟ ਲਈ ਅਰਜ਼ੀ ਦੇਣ ਲਈ ਤੁਹਾਡਾ ਧੰਨਵਾਦ। ਕਿਰਪਾ ਕਰਕੇ ਆਪਣੀ ਅਰਜ਼ੀ ਦੀ ਕਾਪੀ ਕਰੋ ਅਤੇ ਆਪਣੇ ਰਿਕਾਰਡ ਲਈ ਰੱਖੋ। ਤੁਹਾਡੀ ਅਰਜ਼ੀ ਦੇ ਦਰਜੇ ਬਾਰੇ ਤੁਹਾਨੂੰ ਤੁਹਾਡੇ ਇਲਾਕੇ ਦੇ ਐੱਨ ਐੱਸ ਜੀ ਕੋਆਰਡੀਨੇਟਰ ਵਲੋਂ 6 ਤੋਂ 8 ਹਫਤਿਆਂ ਵਿਚ ਦੱਸਿਆ ਜਾਵੇਗਾ।